# ਅਲੱਗ ਅਲੱਗ ਨਸਲਾਂ ਦੇ ਲੋਕਾਂ ਦੀ ਸਮਾਨਤਾ ਨੂੰ ਉਤਸ਼ਾਹਿਤ ਕਰਨ ਲਈ ਮੌਜੂਦਾ ਅਤੇ ਯੋਜਨਾਬੱਧ ਉਪਾਅ

## ਸੁਧਾਰ ਸੇਵਾ ਵਿਭਾਗ

ਸੁਧਾਰ ਸੇਵਾ ਵਿਭਾਗ (CSD) ਨਸਲੀ ਸਮਾਨਤ ਨੂੰ ਉਤਸ਼ਾਹਿਤ ਕਰਨ ਲਈ ਵਚਨਬੱਧ ਹੈ। ਹਿਰਾਸਤ ਵਿੱਚ ਰੱਖੇ ਸਾਰੇ ਵਿਅਕਤੀ (PICs ) ਉਹਨਾਂ ਦੀ ਕੌਮੀਅਤ ਜਾਂ ਜਾਤੀ ਦੇ ਬਾਵਜੂਦ ਇਕ ਸਮਾਨ ਸਲੂਕ ਪ੍ਰਾਪਤ ਕਰਦੇ ਹਨ। CSD ਦੁਆਰਾ ਵਿਭਿੰਨ ਨਸਲਾਂ ਦੀਆਂ PICs ਦਾ ਸਮਰਥਨ ਕਰਨ ਲਈ ਦਿਤੇ ਗਏ ਉਪਾਅ ਹੇਠ ਦਿਤੇ ਅਨੁਸਾਰ ਹਨ।

## ੳ. ਹਿਰਾਸਤ ਵਿੱਚ ਵਿਅਕਤੀਆਂ ਦਾ ਸਮਰਥਨ ਕਰਨ ਦੇ ਉਪਾਅ

ਮੌਜੂਦਾ ਉਪਾਅ

- ਕੈਦੀ ਜਾਣਕਾਰੀ ਪੁਸਤਿਕਾਵਾਂ ਦੀ ਇਕ ਕਾਪੀ, 27 ਭਾਸ਼ਾਵਾਂ ਵਿੱਚ ਛਾਪੀ ਗਈ (i.e. 28 ਸੰਸਕਰਣ ਸਮੇਤ ਰਵਾਇਤੀ ਅਤੇ ਸਰਲੀਕ੍ਰਿਤ ਚੀਨੀ) ਨੂੰ PICs ਨੂੰ ਦਾਖਲੇ ਦੇ ਬਾਦ ਜਾਰੀ ਕੀਤੀ ਜਾਂਦੀ ਹੈ ਤਾਂ ਜੋ ਉਹਨਾਂ ਦੇ ਅਧਿਕਾਰਾਂ ਅਤੇ ਸੁਧਾਰਕ ਸੰਸਥਾਵਾਂ ਦੀਆਂ ਆਮ ਸਥਿਤੀਆਂ ਅਤੇ ਜ਼ਰੂਰਤਾਂ ਨੂੰ ਸਮਝਣ ਵਿੱਚ ਸਹਾਇਤਾ ਕਰਨ ਦੇ ਲਈ।

- CSD ਵਿਭਿੰਨ ਨਸਲਾਂ ਦੇ PICs ਲਈ ਜਦੋਂ ਲੋੜ ਹੋਵੇ ਅਨੁਵਾਦਕਤਾ ਸੇਵਾਵਾਂ ਪ੍ਰਦਾਨ ਕਰੇਗਾ। ਜਦੋਂ ਉਹ ਸੁਧਾਰਕ ਸੰਸਥਾਵਾਂ ਵਿੱਚ ਵਿਵਹਾਰ ਤੋਂ ਦੁਖੀ ਮਹਿਸੂਸ ਕਰਦੇ ਹੋਣ ਜਾਂ ਉਹਨਾਂ ਦੇ ਅਧਿਕਾਰਾਂ ਬਾਰੇ ਕੋਈ ਸ਼ਿਕਾਇਤ ਹੋਵੇ, ਤਾਂ ਬੇਨਤੀ ਤੇ ਪੁੱਛਗਿੱਛ ਕਰਨ ਜਾਂ ਸ਼ਿਕਾਇਤ ਦਰਜ ਕਰਨ ਦੇ ਉਹਨਾਂ ਦੇ ਬਰਾਬਰ ਅਧਿਕਾਰ ਨੂੰ ਯਕੀਨੀ ਬਣਾਉਣ ਲਈ ਅਨੁਵਾਦਕਤਾ ਸੇਵਾਵਾਂ ਦਾ ਪ੍ਰਬੰਧ ਕੀਤਾ ਜਾਵੇਗਾ।

- CSD ਮੋਬਾਈਲ ਟੈਬਲੇਟ ਉਪਕਰਣਾਂ ਦੀ ਵਰਤੋਂ ਪਾਠ-ਅਧਾਰਤ ਅਨੁਵਾਦ ਫੰਕਸ਼ਨ (62 ਭਾਸ਼ਾਵਾਂ ਦਾ ਅਨੁਵਾਦ ਕਰਨ ਦੇ ਸਮਰੱਥ) ਅਤੇ ਤਤਕਾਲ ਆਵਾਜ਼ ਅਨੁਵਾਦਕਾਂ (ਚੀਨੀ ਅਤੇ ਹੋਰ 8 ਭਾਸ਼ਾਵਾਂ ਦੇ ਵਿੱਚ ਦੋ-ਪੱਖੀ ਅਨੁਵਾਦ ਦੇ ਸਮਰੱਥ) ਦੇ ਨਾਲ ਫਰੰਟਲਾਈਨ ਸਟਾਫ ਅਤੇ ਹੋਰ ਕੌਮੀਅਤਾਂ ਦੇ PICs ਦੇ ਵਿੱਚ ਸੰਚਾਰ ਦੀ ਸਹੂਲਤ ਲਈ ਕਰਦਾ ਹੈ।

- CSD ਨੇ ਗ੍ਰਹਿ ਅਤੇ ਯੁਵਾ ਮਾਮਲਿਆਂ ਦੇ ਵਿਭਾਗ ਦੁਆਰਾ ਪ੍ਰਕਾਸ਼ਿਤ "ਐਮਰਜੈਂਸੀ ਲਈ ਬਹੁਭਾਸ਼ਾਈ ਵਾਕੰਸ਼ ਕਿਤਾਬ" ਨੂੰ ਫੀਛਸ ਦੇ ਦੁਆਰਾ ਜਦੋਂ ਲੋੜ ਪਵੇ ਸੁਧਾਰਾਤਮਕ ਸੰਸਥਾਵਾਂ ਦੇ ਸਾਰੇ ਕੇਂਦਰਾਂ ਦੇ ਹਸਪਤਾਲਾਂ ਵਿੱਚ ਉਪਲਬਧ ਕਰਵਾਇਆ ਹੈ।

- CSD ਸੁਧਾਰਕ ਸੰਸਥਾਵਾਂ ਦੀ ਲਾਇਬ੍ਰੇਰੀਆਂ ਵਿੱਚ ਚੀਨੀ ਅਤੇ ਅੰਗਰੇਜ਼ੀ ਤੋਂ

ਇਲਾਵਾ ਹੋਰ ਭਾਸ਼ਾਵਾਂ ਵਿੱਚ PICs ਲਈ ਕਿਤਾਬਾਂ ਪ੍ਰਦਾਨ ਕਰਦਾ ਹੈ ।

- CSD ਕੈਂਟੋਨੀਜ਼ ਲਰਨਿੰਗ ਕਲਾਸਾਂ ਅਤੇ ਕੈਂਟੋਨੀਜ਼ ਸਵੈ-ਸਿਖਲਾਈ ਕਿੱਟਾਂ ਦੀ ਪੇਸ਼ਕਸ਼ ਵਿਭਿੰਨ ਨਸਲਾਂ ਦੇ PICs ਨੂੰ ਉਹਨਾਂ ਦੀ ਕੈਂਟੋਨੀਜ਼ ਬੋਲਣ ਅਤੇ ਸਮਝਣ ਦੀ ਯੋਗਤਾ ਨੂੰ ਵਧਾਉਣ ਅਤੇ ਸੰਸਥਾਗਤ ਜੀਵਨ ਦੇ ਅਨੁਕੂਲ ਹੋਣ ਵਿੱਚ ਸਹਾਇਤਾ ਕਰਨ ਲਈ ਕਰਦਾ ਹੈ।

- CSD ਵੱਖ ਵੱਖ ਦੇਸ਼ਾਂ ਦੇ ਕੋਂਸੁਲਰ ਅਫਸਰਾਂ ਨੂੰ ਪ੍ਰਾਪਤ ਕਰਦਾ ਹੈ ਅਤੇ ਸੰਪਰਕ ਅਤੇ ਸੰਚਾਰ ਨੂੰ ਵਧਾਉਣ ਲਈ ਉਹਨਾਂ ਦੀਆਂ ਸਾਂਝੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਂਦਾ ਹੈ ਜੋ ਸੰਚਾਰ ਰੁਕਾਵਟ ਅਤੇ ਸੱਭਿਆਚਾਰਕ ਅੰਤਰਾਂ ਤੋਂ ਪੈਦਾ ਹੋਣ ਵਾਲੀਆਂ PICs ਦੀਆ ਸਮੱਸਿਆਵਾਂ ਦੇ ਹੱਲ ਲਈ ਸਹਾਇਕ ਹੋ ਸਕਦਾ ਹੈ ।

- CSD ਵਿਭਿੰਨ ਨਸਲਾਂ ਦੇ PICs ਦੀ ਧਾਰਮਿਕ ਆਜ਼ਾਦੀ ਦਾ ਸਨਮਾਨ ਕਰਦਾ ਹੈ । ਪਾਦਰੀਆਂ ਅਤੇ ਵੱਖ ਵੱਖ ਧਾਰਮਿਕ ਸੰਸਥਾਵਾਂ ਦੁਆਰਾ ਮੁੱਹਈਆਂ ਕੀਤੀ ਗਈਆਂ ਮੁਲਾਕਾਤਾਂ, ਸਿੱਖਿਆ ਅਤੇ ਧਾਰਮਿਕ ਪੂਜਾ, ਕਈ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ । ਵਿਭਾਗ ਜਦੋਂ ਲੋੜ ਪਵੇ ਵਿਭਿੰਨ ਨਸਲਾਂ ਦੇ PICs ਦੇ ਧਾਰਮਿਕ ਅਭਿਆਸਾਂ ਬਾਰੇ ਸਬੰਧਿਤ ਕੋਂਸਲੇਟਾਂ ਨਾਲ ਸਲਾਹ ਮਸ਼ਵਰਾ ਕਰੇਗਾ ।

- CSD ਵਿਭਿੰਨ ਨਸਲਾਂ ਦੇ PICs ਦੇ ਮੁੜ ਵਸੇਬੇ ਵਿੱਚ ਸਹਾਇਤਾ ਲਈ ਵੱਖ ਵੱਖ ਸ਼ੌਂਕ ਕਲਾਸਾਂ ਪ੍ਰਦਾਨ ਕਰਨ ਲਈ ਗੈਰ-ਸਰਕਾਰੀ ਸੰਗਠਨਾਂ ਦੇ ਨਾਲ ਸਹਿਯੋਗ ਕਰਦਾ ਹੈ ।

- CSD ਨਵੇਂ ਦਾਖਲ ਕੀਤੇ ਗਏ PICs ਨੂੰ ਇੰਡਕਸ਼ਨ ਪ੍ਰੋਗਰਾਮ ਦੇ ਦੌਰਾਨ ਪ੍ਰਸਾਰਿਤ ਕਰਨ ਲਈ 10 ਵੱਖ ਵੱਖ ਭਾਸ਼ਾਵਾਂ ਵਿੱਚ ਬਿਰਤਾਂਤਾਂ ਦੇ ਨਾਲ ਇਕ ਡੀਵੀਡੀ ਪ੍ਰਦਾਨ ਕਰਦਾ ਹੈ ਤਾਂ ਜੋ ਉਹਨਾਂ ਨੂੰ ਸੰਸਥਾਗਤ ਜੀਵਨ ਨੂੰ ਸਮਝਣ ਵਿੱਚ ਸਹਾਇਤਾ ਕੀਤੀ ਜਾ ਸਕੇ ।

- CSD ਹੋਰ ਕੋਮੀਅਤਾਂ ਦੇ PICs ਦੁਆਰਾ ਪੁੱਛਗਿੱਛ ਅਤੇ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਲਈ ਸੇਵਾਮੁਕਤ ਅਧਿਕਾਰੀਆਂ ਨੂੰ ਰਿਟਾਇਰਮੈਂਟ ਤੋਂ ਬਾਦ ਸੇਵਾ ਇਕਰਾਰਨਾਮੇ ਦੇ ਅਧੀਨ ਸੰਸਥਾ ਦੇ ਸੰਪਰਕ ਅਧਿਕਾਰੀਆਂ ਵਜੋਂ ਨਿਯੁਕਤ ਕਰਦਾ ਹੈ । ਪੈਨਲ ਸੰਸਥਾਵਾਂ ਵਿੱਚ ਵਿਵਸਥਾ ਅਤੇ ਅਨੁਸ਼ਾਸਨ ਨੂੰ ਕਾਇਮ ਰੱਖਣ ਲਈ, ਸੰਸਥਾ ਸੰਪਰਕ ਅਧਿਕਾਰੀ ਕੈਦ ਦੇ ਦੌਰਾਨ ਉਹਨਾਂ ਦੀ ਪੁੱਛਗਿੱਛਾਂ ਅਤੇ ਸ਼ਿਕਾਇਤਾਂ ਦੇ ਉਤਰ ਦੇਣ ਅਤੇ ਉਹਨਾਂ ਨੂੰ ਸੰਭਾਲਣ ਲਈ ਹੋਰਨਾ ਕੌਮਾਂ ਦੇ PICs ਨਾਲ ਆਹਮੋ-ਸਾਹਮਣੇ ਮੀਟਿੰਗਾਂ ਦੁਆਰਾ ਗਲਤਫਹਿਮੀ ਅਤੇ ਵਿਵਾਦਾਂ ਨੂੰ ਸੁਲਝਾਉਣ ਵਿੱਚ ਸਹਾਇਤਾ ਕਰਨਗੇ ।

| | |
|---|---|
| ਭਵਿੱਖ ਦੇ ਕੰਮ ਦਾ ਮੁਲਾਂਕਣ | • CSD ਵਿਭਿੰਨ ਨਸਲਾਂ ਦੀਆਂ PICs ਦੇ ਹੋਰ ਵਾਧੇ ਲਈ ਲਈ ਨੀਤੀ/ਉਪਾਵਾਂ ਅਤੇ ਉਹਨਾ ਦੇ ਲਾਗੂਕਰਨ ਦਾ ਨਿਯਮਿਤ ਰੂਪ ਤੋਂ ਮੁਲਾਂਕਣ ਅਤੇ ਸਮੀਖਿਆ ਕਰੇਗਾ ।<br>• CSD ਮੌਕੇ ਦੀ ਸਮਾਨਤਾ ਨੂੰ ਅੱਗੇ ਵਧਾਉਣ ਦੇ ਉਦੇਸ਼ ਨਾਲ ਸੇਵਾ ਉਪਭੋਗਤਾਵਾਂ ਦਾ ਡਾਟਾ ਇੱਕਠਾ ਕਰੇਗਾ । |

**ਅ. ਸਟਾਫ ਨੂੰ ਸਿਖਲਾਈ**

| | |
|---|---|
| ਮੌਜੂਦਾ ਉਪਾਅ | • CSD ਨੇ ਸਟਾਫ ਦੁਆਰਾ ਪਾਲਣਾ ਲਈ ਨਸਲੀ ਭੇਦਭਾਵ ਕਾਨੂੰਨ ਦੇ ਅਨੁਸਾਰ "ਨਸਲੀ ਸਮਾਨਤਾ ਨੂੰ ਉਤਸ਼ਾਹਤ ਕਰਨ ਲਈ ਦਿਸ਼ਾ ਨਿਰਦੇਸ਼" ਅਤੇ "ਨਸਲੀ ਸਮਾਨਤਾ ਬਾਰੇ ਨੀਤੀ ਬਿਆਨ" ਤਿਆਰ ਕੀਤਾ ਹੈ ।<br>• CSD ਸਟਾਫ ਦੇ ਹਵਾਲੇ ਲਈ ਨਿਯਮਤ ਤੌਰ ਤੇ ਜਾਣਕਾਰੀ ਮੈਨੇਜਮੈਂਟ ਸਿਸਟਮ (ਵਿਭਾਗੀ ਇੰਟਰਨੈਟ ਤੇ ਗਿਆਨ ਸਾਂਝਾ ਕਰਨ ਵਾਲਾ ਪਲੇਟਫਾਰਮ) ਤੇ ਨਸਲੀ ਬਰਾਬਰੀ ਬਾਰੇ ਸਬੰਧਿਤ ਜਾਣਕਾਰੀ ਅਪਲੋਡ ਕਰਦਾ ਹੈ ।<br>• CSD ਸਟਾਫ ਨੂੰ ਸਮੇਂ ਸਮੇਂ ਤੇ ਨੇਪਾਲੀ, ਉਰਦੂ, ਵੀਅਤਨਾਮੀ, ਇੰਡੋਨੇਸ਼ੀਆਈ, ਪੰਜਾਬੀ ਅਤੇ ਸਪੈਨਿਸ਼ ਸਮੇਤ ਵਿਭਿੰਨ ਨਸਲੀ ਭਾਸ਼ਾਵਾਂ ਦੀ ਸਿਖਲਾਈ ਪ੍ਰਦਾਨ ਕਰਦਾ ਹੈ ।<br>• CSD ਨੇ ਸਟਾਫ ਲਈ ਭਰਤੀ ਅਤੇ ਅੰਦਰੂਨੀ ਸਿਖਲਾਈ ਪ੍ਰੋਗਰਾਮਾਂ ਵਿੱਚ ਨਸਲੀ ਸਮਾਨਤਾ ਬਾਰੇ ਸਿਖਲਾਈ ਸ਼ਾਮਿਲ ਕੀਤੀ ਹੈ । ਵੱਖ ਵੱਖ ਦੇਸ਼ਾਂ ਦੇ ਕੌਂਸਲੇਟਾਂ ਨੂੰ ਸਟਾਫ ਲਈ ਸਮੇਂ ਸਮੇਂ ਤੇ ਸੱਭਿਆਚਾਰਕ ਜਾਗਰੂਕਤਾ ਬਾਰੇ ਸਿਖਲਾਈ ਦੇਣ ਲਈ ਸੱਦਾ ਦਿੱਤਾ ਜਾਂਦਾ ਹੈ । |
| ਭਵਿੱਖ ਦੇ ਕੰਮਾਂ ਦਾ ਮੁਲਾਂਕਣ | • CSD ਸਟਾਫ ਲਈ ਨਸਲੀ ਸਮਾਨਤਾ ਬਾਰੇ ਆਪਣੇ ਗਿਆਨ ਨੂੰ ਬਿਹਤਰ ਬਣਾਉਣ ਲਈ ਟ੍ਰੇਨਿੰਗ ਸਿਖਲਾਈ ਕੋਰਸਾਂ ਦਾ ਪ੍ਰਬੰਧ ਕਰਨ ਲਈ ਆਪਣੀ ਸਿਖਲਾਈ ਨੀਤੀ ਦਾ ਨਿਰੰਤਰ ਮੁਲਾਂਕਣ ਅਤੇ ਸਮੀਖਿਆ ਕਰੇਗਾ । |

**ਜਨਤਕ ਪੁੱਛਗਿੱਛ**

ਜਨਤਕ ਪੁੱਛ ਗਿੱਛ ਵਾਸਤੇ, ਕਿਰਪਾ ਕਰਕੇ ਸੰਪਰਕ ਕਰੋ ਮੁੱਖ ਅਧਿਕਾਰੀ (ਪ੍ਰਬੰਧਕੀ ਸੇਵਾਵਾਂ ਅਤੇ ਸ਼ੋਧ) ਸ਼੍ਰੀ ਮਾਨ ਜਿਉਂਗ ਵਾਈ-ਲੁੱਕ, ਸਟੀਫਨ ਨੂੰ 2582 5205 ਉੱਤੇ।

**ਸੁਧਾਰ ਸੇਵਾ ਵਿਭਾਗ**

**ਅਪ੍ਰੈਲ 2024**